## ਦਫਤਰ ਨਗਰ ਪੰਚਾਇਤ,ਭੀਖੀ ਜਿਲ੍ਹਾ ਮਾਨਸਾ

## ਪਬਲਿਕ ਨੋਟਿਸ

ਨਗਰ ਪੰਚਾਇਤ,ਭੀਖੀ ਵਲੋਂ ਡਿਪਟੀ ਕਮਿਸ਼ਨਰ ਮਾਨਸਾ ਜੀ ਵੱਲੋਂ ਸਮੇਂ-2 ਤੇ ਨਿਰਧਾਰਿਤ ਲੇਬਰ ਰੇਟਾਂ ਦੀ ਅਦਾਇਗੀ ਤੇ ਠੇਕਾ ਆਧਾਰ ਤੇ 24 ਸਫਾਈ ਸੇਵਕਾਂ ਦੀ ਨਿਯੁਕਤੀ ਕੀਤੀ ਜਾਣੀ ਹੈ। ਇਸ ਲਈ ਪੰਜਾਬ ਦੇ ਵਸਨੀਕ ਚਾਹਵਾਨ ਉਮੀਦਵਾਰਾਂ ਤੋਂ ਮਿਤੀ 10-09-2021 ਤੱਕ ਹੇਠ ਲਿਖੇ ਪ੍ਰੋਫਾਰਮੇ ਵਿਚ ਬਿਨੈ ਪੱਤਰਾਂ (ਸਮੇਤ ਦਸਤਾਵੇਜ ਦੀਆਂ ਕਾਪੀਆਂ) ਦੀ ਮੰਗ ਕੀਤੀ ਜਾਂਦੀ ਹੈ। ਚਾਹਵਾਨ ਉਮੀਦਵਾਰ ਮਿਤੀ 10-09-2021 ਸ਼ਾਮ 5 ਵਜੇ ਤੱਕ ਰਜਿਸਟਰਡ ਡਾਕ ਰਾਹੀਂ ਜਾਂ ਦਸਤੀ ਤੌਰ ਤੇ ਬਿਨੈ ਪੱਤਰ (ਸਮੇਤ ਦਸਤਾਵੇਜਾਂ ਦੀਆਂ ਕਾਪੀਆਂ) ਦਫਤਰ ਨਗਰ ਪੰਚਾਇਤ,ਭੀਖੀ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੈ ਪੱਤਰਾਂ ਤੇ ਗੌਰ ਨਹੀ ਕੀਤੀ ਜਾਵੇਗੀ। ਚਾਹਵਾਨ ਉਮੀਦਵਾਰਾਂ ਵਲੋਂ ਬਿਨੈ ਪੱਤਰ ਵਿਚ ਦਰਜ ਦਸਤਾਵੇਜਾਂ ਦੀਆਂ ਸਵੈ ਤਸਦੀਕ ਸੁਦਾ ਕਾਪੀਆਂ ਨਾਲ ਨੱਥੀ ਕੀਤੀਆ ਜਾਣ। ਇਸ ਤੋਂ ਇਲਾਵਾ ਚਾਹਵਾਨ ਉਮੀਦਵਾਰਾਂ ਵਿਰੁੱਧ ਕੋਈ ਵੀ ਫੌਜਦਾਰੀ ਕੇਸ ਨਾ ਚੱਲ ਰਿਹਾ ਹੋਵੇ, ਸੰਬਧੀ ਵੀ ਸਵੈ ਘੋਸ਼ਣਾ ਨਾਲ ਨੱਥੀ ਕੀਤਾ ਜਾਵੇ।

ਚਾਹਵਾਨ ਉਮੀਦਵਾਰਾਂ ਦੀ ਉਮਰ ਮਿਤੀ 01-01-2021 ਨੂੰ 18 ਸਾਲ ਤੋਂ 37 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਇਨ੍ਹਾਂ ਨਿਯੁਕਤੀਆਂ ਵਿਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਿਜਰਵੇਸ਼ਨ ਪਾਲਿਸੀ ਲਾਗੂ ਕੀਤੀ ਜਾਵੇਗੀ ਅਤੇ ਉਮਰ ਵਿਚ ਬਣਦੀ ਛੋਟ ਦਿੱਤੀ ਜਾਵੇਗੀ। ਸਫਾਈ ਕਰਮਚਾਰੀਆਂ ਦੀ ਭਰਤੀ ਪੰਜਾਬ ਮਿਉਂਸਪਲ ਸਫਾਈ ਕਰਮਚਾਰੀ ਸੇਵਾ ਨਿਯਮ 1984 ਅਧੀਨ ਕੀਤੀ ਜਾਣੀ ਹੈ। ਸਰਕਾਰ ਦੀ ਹਦਾਇਤ ਅਨੁਸਾਰ ਸਫਾਈ ਸੇਵਕਾਂ ਦੀਆ ਨਿਯੁਕਤੀਆਂ ਲਈ ਪੰਜਾਬ ਸਰਕਾਰ/ਸਥਾਨਕ ਸਰਕਾਰ ਵਿਭਾਗ/ਅਰਧ ਸਰਕਾਰੀ ਵਿਭਾਗ ਵਿੱਚ ਘੱਟ ਤੋਂ ਘੱਟ 3 ਸਾਲ ਦੇ ਤਜਰਬੇ ਵਾਲੇ ਉਮੀਦਵਾਰ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਨਿਯੁਕਤੀ ਲਈ ਘੱਟੋ ਘੱਟ ਉਮਰ ਵਿੱਚ ਚਾਹਵਾਨ ਉਮੀਦਵਾਰ ਦੇ ਤਜਰਬੇ ਦੇ ਬਰਾਬਰ,ਛੋਟ ਦਿੱਤੀ ਜਾਵੇਗੀ।ਨਿਯੁਕਤੀ ਲਈ ਕੋਈ ਇੰਟਰਵਿਊ ਨਹੀਂ ਲਈ ਜਾਵੇਗੀ।ਕਿਸੇ ਵੀ ਕਰਮਚਾਰੀ ਦਾ ਕੰਮ ਤਸੱਲੀ ਬਖ਼ਸ਼ ਨਾ ਹੋਣ ਦੀ ਸੂਰਤ ਵਿੱਚ ਨਗਰ ਪੰਚਾਇਤ,ਭੀਖੀ ਪਾਸ ਉਸ ਦੀਆਂ ਸੇਵਾਵਾਂ ਸਮਾਪਤ ਕਰਨ ਦਾ ਅਧਿਕਾਰ ਰਾਖਵਾ ਹੋਵੇਗਾ।

ਨਗਰ ਪੰਚਾਇਤ,ਭੀਖੀ ਵਲੋਂ ਨਿਯੁਕਤ ਕੀਤੇ ਜਾ ਰਹੇ ਸਫਾਈ ਸੇਵਕਾਂ ਤੋਂ ਸਫਾਈ ਦੇ ਕੰਮ, ਨਾਲੇ-ਨਾਲੀਆਂ ਦੀ ਸਫਾਈ, ਕੂੜਾ ਲਿਫਟਿੰਗ, ਸੋਲਿਡ ਵੇਸਟ ਦੇਖ ਭਾਲ ਦੇ ਕੰਮ, ਸਵੱਛ ਭਾਰਤ ਮਿਸ਼ਨ ਦੇ ਕੰਮ ਅਤੇ ਮਾਲੀ/ਬੇਲਦਾਰ/ਕੁਲੀ ਦੇ ਕੰਮ ਤੋਂ ਇਲਾਵਾ ਨਗਰ ਪੰਚਾਇਤ/ਸਰਕਾਰ ਦੀਆਂ ਹਦਾਇਤਾ ਅਨੁਸਾਰ ਲੋੜ ਪੈਣ ਤੇ ਕਿਸੇ ਵੀ ਜਗ੍ਹਾ ਤੇ ਕੋਈ ਹੋਰ ਕੰਮ ਵੀ ਲਿਆ ਜਾ ਸਕਦਾ ਹੈ। ਇਸ ਇਸ਼ਤਿਹਾਰ ਵਿੱਚ ਜੇਕਰ ਕੋਈ ਸੋਧ ਹੁੰਦੀ ਹੈ ਤਾਂ ਇਸ ਦੀ ਸੂਚਨਾ ਅਖਬਾਰ/ਵੈਬਸਾਈਟ (http://lgpunjab.gov.in) ਰਾਹੀਂ ਦੇ ਦਿੱਤੀ ਜਾਵੇਗੀ।

### ਕੰਟਰੈਕਟ ਬੇਸ ਤੇ ਸਫਾਈ ਸੇਵਕ ਦੀ ਅਸਾਮੀ ਲਈ ਬਿਨੈ ਪੱਤਰ ਲਈ ਪ੍ਰੋਫਾਰਮਾ

ਸਵੈ ਤਸਦੀਕ ਤਿੰਨ ਫੋਟੋਆ

| | | |
|---|---|---|
| 1. | ਉਮੀਦਵਾਰ ਦਾ ਨਾਮ | |
| 2. | ਪਤੀ/ਪਿਤਾ ਦਾ ਨਾਮ | |
| 3. | ਜਨਮ ਮਿਤੀ: (ਸਬੂਤ ਨਾਲ ਨੱਥੀ) | |
| 4. | ਜਨਮ ਦਾ ਸਥਾਨ<br>ਪੰਜਾਬ ਦਾ ਵਸਨੀਕ ਹੋਣ ਸਬੰਧੀ ਪੰਜਾਬ ਰੇਜੀਡੈਂਸ ਸਰਟੀਫਿਕੇਟ/ਅਧਾਰ ਕਾਰਡ/ ਵੋਟਰ ਕਾਰਡ ਜਾਂ ਕੋਈ ਹੋਰ ਸਰਕਾਰੀ ਦਸਤਾਵੇਜ ਦੀ ਸਵੈ ਤਸਦੀਕ ਕਾਪੀ | |
| 5. | ਘਰ ਦਾ ਪੱਕਾ ਪਤਾ | |
| 6. | ਪੱਤਰ ਵਿਵਹਾਰ-ਲਈ ਪਤਾ | |
| 7. | ਟੈਲੀਫੋਨ ਨੰ:/ਮੋਬਾਇਲ ਨੰ: | |
| 8. | ਕੈਟਾਗਰੀ (ਰਿਜਰਵੇਸ਼ਨ ਲਈ ਸਬੰਧਤ ਕੈਟਾਗਰੀ ਦੇ ਸਮਰੱਥ ਅਥਾਰਟੀ ਤੋਂ ਪ੍ਰਾਪਤ ਕੀਤੇ ਸਰਟੀਫਿਕੇਟ ਦੀ ਸਵੈ ਤਸਦੀਕ ਕਾਪੀ) | |
| 9. | ਕੀ ਪੰਜਾਬੀ ਪੜ ਲਿਖ ਸਕਦਾ ਹੈ? | ਹਾਂ ਜਾਂ ਨਹੀਂ ( ) |
| | ੳ) ਤਜਰਬੇ ਵਾਲੀ ਸੰਸਥਾ ਦਾ ਨਾਂ: | |
| | ਅ) ਤਜਰਬਾ (ਕਦੋਂ ਤੋ ਕਦੋ ਤੱਕ) ਸਵੈ ਤਸਦੀਕ ਕਾਪੀ ਨਾਲ ਨੱਥੀ ਕੀਤੀ ਜਾਵੇ। | |
| 10. | ਫੌਜਦਾਰੀ ਕੇਸ ਨਾ ਚੱਲਣ ਸਬੰਧੀ ਸਵੈ-ਘੋਸ਼ਣਾ ਪੱਤਰ ਨਾਲ ਨੱਥੀ ਕਰੋ | |
| 11. | ਵਿੱਦਿਅਕ ਯੋਗਤਾ:- | |

| ਲੜੀ ਨੰ: | ਪਾਸ ਪ੍ਰੀਖਿਆ ਦਾ ਨਾਮ | ਬੋਰਡ/ ਯੂਨੀਵਰਸਿਟੀ | ਪ੍ਰੀਖਿਆ ਪਾਸ ਕਰਨ ਦਾ ਸਾਲ | ਕੁੱਲ ਅੰਕ | ਪ੍ਰਾਪਤ ਕੀਤੇ ਅੰਕ | ਪ੍ਰਾਪਤ ਕੀਤੇ ਅੰਕਾਂ ਦਾ ਪ੍ਰਤੀਸ਼ਤ (%) |
|---|---|---|---|---|---|---|
| | | | | | | |

(ਨੋਟ:- ਤਜਰਬਾ ਕਮਿਸ਼ਨਰ/ਕਾਰਜ ਸਾਧਕ ਅਫਸਰ/ਸੰਸਥਾਂ ਦੇ ਮੁੱਖੀ ਵੱਲੋਂ ਰਿਕਾਰਡ ਦੇ ਅਧਾਰ ਤੇ ਵੈਰੀਫਾਈ ਕੀਤਾ ਜਾਵੇਗਾ।

ਅ) ਈ.ਪੀ.ਐਫ ਨੰਬਰ (ਜੇਕਰ ਹੈ ਤਾਂ)

ੲ) ਸੈਲਰੀ ਅਕਾਉਂਟ ਨੰਬਰ (ਬੈਂਕ ਡਿਟੇਲ)

### ਸਵੈ-ਘੋਸ਼ਣਾ

ਮੈਂ ............. ਪੁੱਤਰ/ਪੁੱਤਰੀ/ਪਤਨੀ ਸ਼੍ਰੀ ................ ਉਮਰ ........ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਪੰਜਾਬ ਦਾ ਪੱਕਾ ਵਸਨੀਕ ਹਾਂ ਅਤੇ ਮੇਰੇ ਖਿਲਾਫ ਕੋਈ ਵੀ ਫੌਜਦਾਰੀ ਕੇਸ ਨਹੀ ਚੱਲ ਰਿਹਾ। ਮੇਰੀ ਜਾਣਕਾਰੀ ਅਨੁਸਾਰ ਉੱਕਤ ਸੂਚਨਾ ਅਤੇ ਨੱਥੀ ਦਸਤਾਵੇਜ ਠੀਕ ਅਤੇ ਸਹੀ ਹਨ। ਇਨ੍ਹਾਂ ਵਿੱਚ ਮੈਂ ਕੋਈ ਤੱਥ ਲੁਕਾਇਆ ਨਹੀਂ ਹੈ। ਜੇਕਰ ਮੇਰੇ ਵੱਲੋਂ ਦਿੱਤੀ ਗਈ ਸੂਚਨਾ ਕਿਸੇ ਸਮੇਂ ਵੀ ਗਲਤ ਪਾਈ ਗਈ ਤਾਂ ਸਮਰੱਥ ਅਥਾਰਟੀ ਨੂੰ ਮੇਰੇ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਛੋਟ ਹੋਵੇਗੀ।

ਉਮੀਦਵਾਰ ਦੇ ਹਸ਼ਤਾਖਰ

ਨੱਥੀ ਉਕਤ ਅਨੁਸਾਰ ਦਸਤਾਵੇਜ:-
ਸਥਾਨ:-
ਮਿਤੀ:-

ਪ੍ਰਧਾਨ,
ਨਗਰ ਪੰਚਾਇਤ,ਭੀਖੀ

ਕਾਰਜ ਸਾਧਕ ਅਫਸਰ,
ਨਗਰ ਪੰਚਾਇਤ,ਭੀਖੀ

Scanned with CamScanner